**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**

**S.S.S. BOARD, PUNJAB**

**ਵਣ ਕੰਪਲੈਕਸ, ਸੈਕਟਰ-68 ਮੋਹਾਲੀ**

ਨੰ 1/55/2019-ਅ2/ 868 **ਮਿਤੀ, ਮੋਹਾਲੀ**: 05/05/2021

**<u>ਜਨਤਕ ਨੋਟਿਸ</u>**

1. ਇਸ਼ਤਿਹਾਰ ਨੰਬ 04/2016 ਅਧੀਨ ਕਲਰਕਾਂ ਦੀਆਂ 1883 ਅਸਾਮੀਆਂ ਦੀ ਭਰਤੀ ਸਬੰਧੀ ਵੱਖ ਵੱਖ ਵਿਭਾਗਾਂ ਤੋਂ ਪ੍ਰਾਪਤ ਨਾਨ ਜੁਆਨਿੰਗ ਦੀਆਂ ਅਸਾਮੀਆਂ (**ਚੌਥੀ ਸੂਚੀ**) ਦਾ ਵੇਰਵਾ Annexure A ਤੇ ਦਰਸਾਇਆ ਜਾਂਦਾ ਹੈ। ਇਨ੍ਹਾਂ ਅਸਾਮੀਆਂ ਲਈ Common Merit List/ਨਤੀਜਾ ਮਿਤੀ 27/05/2019 ਵਿੱਚੋਂ ਅਗਲੇਰੇ ਯੋਗ ਉਮੀਦਵਾਰਾਂ ਦਾ ਵੇਰਵਾ/ਸੂਚੀ Annexure B ਤੇ ਦਰਸਾਇਆ ਗਿਆ ਹੈ। Annexure B ਵਿੱਚ ਦਰਸਾਏ ਉਮੀਦਵਾਰਾਂ ਨੂੰ ਵਿਭਾਗ ਅਲਾਟ ਕਰਨ ਹਿੱਤ ਵਿਭਾਗਾਂ ਦੀ Preference ਦੇਣ ਲਈ ਮਿਤੀ 07/05/2021 ਨੂੰ ਦਫਤਰ ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ, ਵਣ ਭਵਨ ਸੈਕਟਰ 68 ਮੋਹਾਲੀ ਵਿਖੇ ਬੁਲਾਇਆ ਜਾਂਦਾ ਹੈ। Preference ਦੇਣ ਲਈ ਉਮੀਦਵਾਰ Annexure B ਤੇ ਦਰਸਾਏ ਗਏ ਸਮੇਂ ਅਨੁਸਾਰ ਹੀ ਹਾਜਰ ਹੋਇਆ ਜਾਵੇ।

2. Annexure B ਵਿੱਚ ਦਰਸਾਏ ਉਮੀਦਵਾਰ ਮਿਤੀ 07/05/2021 ਨੂੰ ਵਿਭਾਗਾਂ ਦੀ Preference ਦੇਣ ਲਈ Annexure C ਤੇ ਦਰਸਾਇਆ ਪ੍ਰੋਫ਼ਾਰਮਾ ਭਰ ਕੇ ਸਮੇਤ ਸਵੈ ਤਸਦੀਕਸ਼ੁਦਾ ਪਛਾਣ ਪੱਤਰ (ਅਧਾਰ ਕਾਰਡ, ਵੋਟਰ ਕਾਰਡ, ਡਰਾਇਵਿੰਗ ਲਾਇਸੰਸ ਅਤੇ ਪਾਸਪੋਰਟ ਆਦਿ) ਦੇ ਪੇਸ਼ ਕਰਨਗੇ।

3. ਉਮੀਦਵਾਰ ਨੂੰ ਇੱਕ ਵਾਰ ਅਲਾਟ ਕੀਤਾ ਗਿਆ ਵਿਭਾਗ ਬਾਅਦ ਵਿੱਚ ਬਦਲਿਆ ਨਹੀਂ ਜਾਵੇਗਾ। ਇਸ ਲਈ ਉਮੀਦਵਾਰ ਪਹਿਲਾਂ ਹੀ ਵਿਭਾਗਾਂ ਲਈ ਅਪਣੀ Preference ਨਿਰਧਾਰਤ ਕਰਕੇ Preference Form (Annexure C ) ਭਰ ਕੇ ਲਿਆਉਣਗੇ, ਦਫਤਰ ਵਿੱਚ ਕਿਸੇ ਵੀ ਉਮੀਦਵਾਰ ਨੂੰ ਫਾਰਮ ਭਰਨ ਲਈ ਸਮਾਂ ਨਹੀਂ ਦਿੱਤਾ ਜਾਵੇਗਾ।

4. ਕੌਂਸਲਿੰਗ ਉਪਰੰਤ ਵਿਭਾਗ ਅਲਾਟ ਕਰਕੇ ਸਬੰਧਤ ਵਿਭਾਗ ਨੂੰ ਸਿਫਾਰਸ਼ ਭੇਜਣ ਦਾ ਅੰਤਿਮ ਫੈਸਲਾ ਲੈਣ ਦਾ ਹੱਕ ਅਤੇ ਕਿਸੇ ਤੁਰੱਟੀ ਨੂੰ ਸੁਧਾਰਨ ਦਾ ਹੱਕ ਅਧੀਨ ਸੇਵਾਵਾਂ ਚੋਣ ਬੋਰਡ ਕੋਲ ਰਾਖਵਾਂ ਹੋਵੇਗਾ।

5. ਕੇਵਲ Annexure B ਵਿੱਚ ਨਾਮ ਆ ਜਾਣ ਤੇ ਉਮੀਦਵਾਰ ਦਾ ਸਬੰਧਤ ਅਸਾਮੀ ਤੇ ਅਧਿਕਾਰ ਨਹੀਂ ਬਣ ਜਾਂਦਾ। Annexure B ਉੱਤੇ ਦਰਸਾਈਆਂ ਅਸਾਮੀਆਂ Tentative/ਸੰਭਾਵੀ ਹਨ, ਸਬੰਧਤ ਵਿਭਾਗ ਵੱਲੋਂ ਅਸਾਮੀ ਵਾਪਿਸ ਲੈਣ ਤੇ ਜਾਂ ਕਿਸੇ ਕੋਰਟ ਕੇਸ ਵਿੱਚ ਹੋਏ ਹੁਕਮਾਂ ਕਾਰਨ ਅਸਾਮੀਆਂ/ਸਿਫਾਰਸ਼ ਕੀਤੇ ਜਾਣ ਵਾਲੇ ਉਮੀਦਵਾਰਾਂ ਦੀ ਗਿਣਤੀ ਘਟਾਈ ਜਾ ਸਕਦੀ ਹੈ।

**6.** ਵਿਭਾਗਾਂ ਦੀ **Preference** ਦੇਣ ਦੌਰਾਨ **COVID-19** ਸਬੰਧੀ **Annexure-D** ਤੇ ਦਰਸਾਈਆਂ ਹਦਾਇਤਾਂ ਦੀ ਪਾਲਣਾ ਕਰਨ ਲਈ ਉਮੀਦਵਾਰ ਪਾਬੰਦ ਹੋਣਗੇ।

7. ਵਿਭਾਗਾਂ ਦੀ ਪ੍ਰੈਫਰੈਂਸ ਦੇਣ ਲਈ ਹਾਜਰ ਹੋਣ ਲਈ ਕਿਸੇ ਵੀ ਉਮੀਦਵਾਰ ਨੂੰ ਕੋਈ ਟੀ.ਏ/ਡੀ.ਏ ਨਹੀਂ ਦਿੱਤਾ ਜਾਵੇਗਾ।

8. ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਵਿਭਾਗਾਂ ਲਈ ਪ੍ਰੈਫਰੈਂਸ ਦੇਣ ਦਾ ਇਹ ਅੰਤਿਮ ਮੌਕਾ ਹੈ। ਇਸ ਮੌਕੇ ਦੌਰਾਨ ਗੈਰ ਹਾਜਰ ਰਹਿਣ ਵਾਲੇ ਉਮੀਦਵਾਰਾਂ ਨੂੰ ਹੋਰ ਮੌਕਾ ਨਹੀਂ ਦਿੱਤਾ ਜਾਵੇਗਾ। ਗੈਰਹਾਜਰ ਰਹਿਣ ਵਾਲੇ ਉਮੀਦਵਾਰਾਂ ਨੂੰ ਬਚਦੇ ਵਿਭਾਗ ਅਲਾਟ ਕਰ ਦਿੱਤੇ ਜਾਣਗੇ।

ਮਿਤੀ:-05/05/2021

**(ਸਕੱਤਰ)**

**ਅਧੀਨ ਸੇਵਾਵਾਂ ਚੋਣ ਬੋਰਡ**

## Annexure A

| ਲੜੀ ਨੰ: | ਵਿਭਾਗ ਦਾ ਨਾਮ | ਅਸਾਮੀਆਂ |
|---|---|---|
| 1 | ਡਾਇਰੈਕਟਰ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ, ਵਿਭਾਗ ਪੰਜਾਬ | General/Open = 1 |
| 2 | ਡਾਇਰੈਕਟਰ ਡੇਅਰੀ ਵਿਕਾਸ ਵਿਭਾਗ, ਪੰਜਾਬ | General/Open = 1 |
| 3 | ਮੁੱਖ ਇੰਜੀਨੀਅਰ ਲੋਕ ਨਿਰਮਾਣ ਵਿਭਾਗ ਭਵਨ ਤੇ ਮਾਰਗ ਸ਼ਾਖਾ, ਪਟਿਆਲਾ | General/Open = 2 |
| | ਕੁੱਲ ਅਸਾਮੀਆਂ | 4 |

---------------End of Annexure A-------------------

## Annexure B

| Category :- General/Open | | Date :- 07/05/2021 | | Time :-11:30 A.M. | | | |
|---|---|---|---|---|---|---|---|
| Sr. No | Roll Number | Application Number | Name | Father Name | Date of Birth | CAT | Written Marks |
| 1 | 10252 | PSSSBC04068277 | NANEET RIKHI | AVNISH KUMAR | 25-06-1991 | 101 | 54.5 |
| 2 | 12596 | PSSSBC04028015 | MONIKA BANSAL | DHARAMPAL BANSAL | 07-09-1992 | 101 | 54.5 |
| 3 | 13180 | PSSSBC04024483 | JAI DEV | RAJINDER KUMAR | 05-07-1993 | 101 | 54.5 |
| 4 | 13339 | PSSSBC04006890 | ROBIN ARORA | AMANDEEP ARORA | 20-02-1994 | 101 | 54.5 |

---------------End of Annexure B-------------------

**Annexure C**

ਉਮੀਦਵਾਰ ਦੀ ਸਵੈ ਤਸਦੀਕ

ਸ਼ੁਦਾ ਫੋਟੋ

**Preference Form**

(**ਇਸ਼ਤਿਹਾਰ ਨੰਬਰ** 04/2016 **ਕਲਰਕਾਂ ਦੀਆਂ ਨਾਨ ਜੁਆਇੰਨਿੰਗ (ਚੌਥੀ ਸੂਚੀ) ਦੀਆਂ ਅਸਾਮੀਆਂ ਲਈ**)

ਮੈਂ ______________________________ ਪੁੱਤਰ/ਪੁੱਤਰੀ ਸ੍ਰੀ______________________

ਵਾਸੀ ______________________________________________________________

ਦਾ ਰਹਿਣ ਵਾਲਾ/ਵਾਲੀ ਹਾਂ ਅਤੇ ਹੇਠ ਦਰਸਾਏ ਅਨੁਸਾਰ ਬਿਆਨ ਕਰਦਾ/ਕਰਦੀ ਹਾਂ:-

- ਕਿ ਬੋਰਡ ਵੱਲੋਂ ਉਮੀਦਵਾਰਾਂ ਦੀ ਸਹੂਲਤ ਲਈ ਬੋਰਡ ਦੀ ਵੈੱਬਸਾਈਟ ਤੇ ਜਨਤਕ ਕੀਤਾ ਇਸ਼ਤਿਹਾਰ ਨੰਬਰ 04/2016 ਦੀਆਂ ਨਾਨ ਜੁਆਨਿੰਗ ਦੀਆਂ ਅਸਾਮੀਆਂ/ਵਿਭਾਗਾਂ ਦਾ ਅਤੇ ਉਮੀਦਵਾਰਾਂ ਦੇ ਚਾਰਟ ਨੂੰ ਧਿਆਨ ਨਾਲ ਪੜ ਕੇ ਅਤੇ ਸਮਝ ਕੇ ਮੈਂ ਅਪਣੀ ਵਿਭਾਗਾਂ ਦੀ ਪ੍ਰੈਫਰੈਂਸ 1 ਤੋਂ 6 ਹੇਠ ਦਰਸਾਏ ਅਨੁਸਾਰ ਦਿੰਦਾ/ਦਿੰਦੀ ਹਾਂ।
- ਮੈਂ ਜਾਣੂ ਹਾਂ ਕਿ ਮੇਰੇ ਵੱਲੋਂ ਭਰੀਆਂ ਵਿਭਾਗਾਂ ਦੀਆਂ Preference ਤਦ ਹੀ ਪੂਰੀਆਂ ਕੀਤੀਆਂ ਜਾਣਗੀਆਂ ਜੇਕਰ ਇਨ੍ਹਾਂ ਵਿਭਾਗਾਂ ਵਿੱਚ ਅਸਾਮੀਆਂ ਉਪਲੱਬਧ ਹੋਣਗੀਆਂ। ਅਸਾਮੀਆਂ ਉਪਲੱਬਧ ਨਾ ਹੋਣ ਦੀ ਸੂਰਤ ਵਿੱਚ ਬੋਰਡ ਕੋਲ ਹੋਰ ਕੋਈ ਵੀ ਵਿਭਾਗ ਅਲਾਟ ਕਰਨ ਦਾ ਹੱਕ ਰਾਖਵਾਂ ਹੋਵੇਗਾ ਅਤੇ ਬੋਰਡ ਦਾ ਫੈਸਲਾ ਮੈਨੂੰ ਪ੍ਰਵਾਨ ਹੋਵੇਗਾ।

ਮਿਤੀ **27/05/2019** ਨੂੰ ਜਾਰੀ **Common Merit List**/ਨਤੀਜੇ **ਸਬੰਧੀ ਵੇਰਵੇ:-**

ਮੈਰਿਟ ਨੰਬਰ ____________,ਰੋਲ ਨੰਬਰ____________,ਕੈਟਾਗਰੀ/ ਕੈਟਾਗਰੀ ਕੋਡ ________,

ਮਿਤੀ 06/05/2018 ਨੂੰ ਲਈ ਗਈ ਲਿਖਤੀ ਪ੍ਰੀਖਿਆ ਵਿੱਚ ਅੰਕ:-________________

**Department Preferences**

**1.** ______________________________

**2.** ______________________________

**3.** ______________________________

ਨੱਥੀ: ਪਛਾਣ ਪੱਤਰ (ਸਵੈ ਤਸਦੀਕਸ਼ੁਦਾ)

- ਉਪਰੋਕਤ ਅਨੁਸਾਰ ਦਿੱਤੇ ਗਏ ਵੇਰਵੇ ਮੇਰੀ ਜਾਣਕਾਰੀ ਅਨੁਸਾਰ ਸਹੀ ਵਾ ਦਰੁੱਸਤ ਹਨ।

ਮਿਤੀ:

(ਉਮੀਦਵਾਰ ਦੇ ਹਸਤਾਖਰ)

ਮੋਬਾਇਲ ਨੰਬਰ____________

**Annexure D**

**ਕੋਵਿਡ-19 ਮਹਾਂਮਾਰੀ ਤੋਂ ਬਚਾਅ ਸਬੰਧੀ ਉਮੀਦਵਾਰਾਂ ਲਈ ਜਰੂਰੀ ਹਦਾਇਤਾਂ:-**

1. ਦੇਸ਼ ਭਰ ਵਿੱਚ ਕੋਵਿਡ-19 ਮਹਾਂਮਾਰੀ ਦੇ ਫੈਲਣ ਕਾਰਨ ਉਤਪੰਨ ਹੋਏ ਮੌਜੂਦਾ ਹਾਲਾਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ Annexure-B ਵਿੱਚ ਆਪਣੇ ਨਾਮ ਸਾਹਮਣੇ ਦਰਸਾਏ ਸਮੇਂ ਅਨੁਸਾਰ ਹੀ ਬੋਰਡ ਦੇ ਦਫਤਰ ਵਿਖੇ ਹਾਜ਼ਰ ਹੋਣਾ ਯਕੀਨੀ ਬਣਾਉਣ ਤਾਂ ਜੋ ਸਮਾਜਿਕ ਦੂਰੀ (Social Distancing) ਦੇ ਨਿਯਮਾਂ ਦੀ ਪਾਲਣਾ ਕੀਤੀ ਜਾ ਸਕੇ। ਇਸ ਮੰਤਵ ਲਈ ਉਮੀਦਵਾਰਾਂ ਨੂੰ ਉਨ੍ਹਾਂ ਦੇ ਨਾਮ ਸਾਹਮਣੇ ਦਰਸਾਏ ਸਮੇਂ ਤੋਂ ਸਿਰਫ 15 ਮਿੰਟ ਪਹਿਲਾਂ ਹੀ ਬੋਰਡ ਦੇ ਦਫਤਰ ਅੰਦਰ ਆਉਣ ਦੀ ਆਗਿਆ ਦਿੱਤੀ ਜਾਏਗੀ।

2. ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਜੇਕਰ ਸੰਭਵ ਹੋਵੇ ਤਾਂ ਪ੍ਰੈਫਰੈਂਸ ਲਈ ਸਿਰਫ ਇਕੱਲੇ ਹੀ ਆਉਣ ਦੀ ਕੋਸ਼ਿਸ਼ ਕਰਨ, ਭਾਵ ਕਿ ਆਪਣੇ ਨਾਲ ਪਰਿਵਾਰ ਦੇ ਕਿਸੇ ਮੈਂਬਰ/ਸਾਥੀ ਨੂੰ ਨਾਲ ਲੈ ਕੇ ਆਉਣ ਤੋਂ ਪਰਹੇਜ਼ ਕਰਨ ਤਾਂ ਜੋ ਬੋਰਡ ਦੇ ਦਫਤਰ ਵਿੱਚ ਇਕੱਠ ਨਾ ਹੋ ਸਕੇ। ਵਣ ਕੰਪਲੈਕਸ ਵਿੱਚ ਸਥਿਤ ਬੋਰਡ ਦੇ ਦਫਤਰ ਵਿੱਚ ਸਿਰਫ ਉਮੀਦਵਾਰਾਂ ਨੂੰ ਹੀ ਅੰਦਰ ਆਉਣ ਦੀ ਆਗਿਆ ਦਿੱਤੀ ਜਾਏਗੀ।

3. ਹਰ ਉਮੀਦਵਾਰ ਦੀ Entry ਸਮੇਂ Thermal screening ਕੀਤੀ ਜਾਏਗੀ, ਜਿਸਦੀ ਪਾਲਣਾ ਕਰਨਾ ਹਰ ਉਮੀਦਵਾਰ ਲਈ ਲਾਜ਼ਮੀ ਹੈ।

4 ਉਮੀਦਵਾਰ ਮਾਸਕ/ਰੁਮਾਲ/ਕੱਪੜਾ ਆਦਿ ਨਾਲ ਆਪਣਾ ਨੱਕ-ਮੂੰਹ ਢਕ ਕੇ ਹੀ ਕਾਉਂਸਲਿੰਗ ਲਈ ਆਉਣਗੇ। ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਨਾਲ Sanitizer ਲੈ ਕੇ ਆਉਣ ਤਾਂ ਜੋ ਬੋਰਡ ਦੇ ਦਫਤਰ ਪਹੁੰਚਣ ਦੌਰਾਨ infection ਤੋਂ ਬਚਿਆ ਜਾ ਸਕੇ।

5. ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਨਜਦੀਕ source of infection ਨੂੰ identify ਕਰਨ ਦੇ ਮੰਤਵ ਲਈ ਆਪਣੇ ਮੋਬਾਇਲ ਫੋਨ ਵਿੱਚ Aarogya Setu APP ਅਤੇ COVA App ਜਰੂਰ install ਕਰਨ ਤਾਂ ਜੋ ਕੋਵਿਡ-19 infection ਹੋਣ ਦੇ ਖਤਰੇ ਤੋਂ ਸੁਚੇਤ ਹੋਇਆ ਜਾ ਸਕੇ ਅਤੇ ਆਪਣੇ ਆਸ-ਪਾਸ ਸੁਰੱਖਿਅਤ ਵਾਤਾਵਰਣ ਸਿਰਜਿਆ ਜਾ ਸਕੇ।

6. ਉਮੀਦਵਾਰ ਬੋਰਡ ਦੇ ਦਫਤਰ ਵਿਖੇ ਪਹੁੰਚ ਕਰਨ ਅਤੇ ਪ੍ਰੈਫਰੈਂਸ ਦੇਣ ਉਪਰੰਤ ਵਾਪਸ ਪਰਤਣ ਦੌਰਾਨ ਸਮਾਜਿਕ ਦੂਰੀ (Social Distancing) ਬਣਾਏ ਰੱਖਣਾ ਯਕੀਨੀ ਬਣਾਉਣਗੇ।

7. ਵਿਭਾਗਾਂ ਲਈ ਪ੍ਰੈਫਰੈਂਸ ਦੇਣ ਲਈ ਬੋਰਡ ਦੇ ਦਫਤਰ ਵਿਖੇ ਤੈਅ ਸਮੇਂ ਤੇ ਪਹੁੰਚਣਾ ਅਤੇ ਵਾਪਸ ਪਰਤਣ ਦੀ ਜਿੰਮੇਵਾਰੀ ਉਮੀਦਵਾਰਾਂ ਦੀ ਖੁਦ ਦੀ ਹੋਵੇਗੀ। ਕੋਵਿਡ-19 ਮਹਾਂਮਾਰੀ ਦੇ ਸੰਕਟ ਕਾਰਨ ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸੂਝਵਾਨ ਨਾਗਰਿਕ ਦੀ ਭੂਮਿਕਾ ਨਿਭਾਉਂਦੇ ਹੋਏ ਜਿੰਮੇਵਾਰੀ ਨਾਲ ਬੋਰਡ ਦੇ ਦਫਤਰ ਵਿਖੇ ਪਹੁੰਚਣ ਅਤੇ ਵਾਪਸ ਪਰਤਣ ਦੌਰਾਨ ਵੀ ਹਰ ਤਰ੍ਹਾਂ ਦੀ ਸਾਵਧਾਨੀ ਵਰਤਣ।

8. ਇਸ ਤੋਂ ਬਿਨਾ ਉਮੀਦਵਾਰ ਸਰਕਾਰ ਵੱਲੋਂ ਕੋਵਿਡ-19 ਸਬੰਧੀ ਵੱਖ-ਵੱਖ ਸਮੇਂ ਤੇ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਨਾ ਯਕੀਨੀ ਬਣਾਉਣਗੇ।

--------------End of Annexure D------------------